ਮਿੱਠੇ ਬੱਚੇ:- ਤੁਹਾਨੂੰ ਇਸ ਸੰਗਮਯੁਗ ਤੇ ਉੱਤਮ ਤੇ ਉੱਤਮ ਪੁਰਸ਼ ਬਣਨਾ ਹੈ , ਸਭ ਤੋਂ ਉੱਤਮ ਪੁਰਸ਼ ਹਨ ਇਹ ਲਕਸ਼ਮੀ - ਨਾਰਾਇਣ।

ਪ੍ਰਸ਼ਨ:- ਤੁਸੀਂ ਬੱਚੇ ਬਾਪ ਦੇ ਨਾਲ - ਨਾਲ ਕਿਹੜਾ ਇੱਕ ਗੁਪਤ ਕੰਮ ਕਰ ਰਹੇ ਹੋ?

ਉੱਤਰ:- ਆਦਿ ਸਨਾਤਨ ਦੇਵੀ - ਦੇਵਤਾ ਧਰਮ ਅਤੇ ਦੈਵੀ ਰਾਜਧਾਨੀ ਦੀ ਸਥਾਪਨਾ - ਤੁਸੀਂ ਬਾਪ ਦੇ ਨਾਲ ਗੁਪਤ ਰੂਪ ਵਿਚ ਇਹ ਕੰਮ ਕਰ ਰਹੇ ਹੋ। ਬਾਪ ਭਾਗਵਾਨ ਹੈ ਜੋ ਆਕੇ ਕੰਡਿਆਂ ਦੇ ਜੰਗਲ ਨੂੰ ਫੁੱਲਾਂ ਦਾ ਬਗੀਚਾ ਬਣਾ ਰਿਹਾ ਹੈ।

ਗੀਤ:- ਆਖਿਰ ਉਹ ਦਿਨ ਆਈ ਅੱਜ…

ਓਮ ਸ਼ਾਂਤੀ। ਰੂਹਾਨੀ ਬਾਪ ਬੈਠ ਰੂਹਾਨੀ ਬੱਚਿਆਂ ਨੂੰ ਸਮਝਾਉਂਦੇ ਹਨ। ਸਮਝਾਉਣਗੇ ਤਾਂ ਜ਼ਰੂਰ ਸ਼ਰੀਰ ਦਵਾਰਾ। ਆਤਮਾ ਸ਼ਰੀਰ ਬਿਨਾਂ ਕੋਈ ਵੀ ਕੰਮ ਕਰ ਨਹੀਂ ਸਕਦੀ। ਰੂਹਾਨੀ ਬਾਪ ਨੂੰ ਵੀ ਇੱਕ ਹੀ ਵਾਰੀ ਪੁਰਸ਼ੋਤਮ ਸੰਗਮਯੁਗ ਤੇ ਸ਼ਰੀਰ ਲੈਣਾ ਪੈਂਦਾ ਹੈ। ਇਹ ਸੰਗਮਯੁਗ ਵੀ ਹੈ, ਇਸਨੂੰ ਪੁਰਸ਼ੋਤਮ ਯੁਗ ਵੀ ਕਹਾਂਗੇ ਕਿਉਂਕਿ ਇਸ ਸੰਗਮਯੁਗ ਦੇ ਬਾਦ ਫਿਰ ਸਤਿਯੁਗ ਆਉਂਦਾ ਹੈ। ਸਤਿਯੁਗ ਨੂੰ ਵੀ ਪੁਰਸ਼ੋਤਮ ਯੁਗ ਕਹਾਂਗੇ। ਬਾਪ ਆਕੇ ਸਥਾਪਨਾ ਵੀ ਪੁਰਸ਼ੋਤਮ ਯੁਗ ਦੀ ਕਰਦੇ ਹਨ। ਸੰਗਮਯੁਗ ਤੇ ਆਉਂਦੇ ਹਨ ਤਾਂ ਜਰੂਰ ਉਹ ਵੀ ਪੁਰਸ਼ੋਤਮ ਯੁੱਗ ਹੋਇਆ। ਇੱਥੇ ਹੀ ਬੱਚਿਆਂ ਨੂੰ ਪੁਰਸ਼ੋਤਮ ਬਣਾਉਂਦੇ ਹਨ। ਫਿਰ ਤੁਸੀਂ ਪੁਰਸ਼ੋਤਮ ਨਵੀਂ ਦੁਨੀਆਂ ਵਿੱਚ ਰਹਿੰਦੇ ਹੋ। ਪੁਰਸ਼ੋਤਮ ਮਤਲਬ ਉੱਤਮ ਤੇ ਉੱਤਮ ਪੁਰਸ਼ ਇਹ ਰਾਧੇ - ਕ੍ਰਿਸ਼ਨ ਅਤੇ ਲਕਸ਼ਮੀ -ਨਾਰਾਇਣ ਹਨ। ਇਹ ਗਿਆਨ ਵੀ ਤੁਹਾਨੂੰ ਹੈ। ਹੋਰਾਂ ਧਰਮਾਂ ਵਾਲੇ ਵੀ ਮੰਨਣਗੇ ਬਰੋਬਰ ਇਹ ਹੈਵਿਨ ਦੇ ਮਾਲਿਕ ਹਨ। ਭਾਰਤ ਦੀ ਬੜੀ ਮਹਿਮਾ ਹੈ। ਪਰੰਤੂ ਭਾਰਤਵਾਸੀ ਖੁਦ ਨਹੀਂ ਜਾਣਦੇ। ਕਹਿੰਦੇ ਵੀ ਹਨ ਨਾ ਫਲਾਣਾ ਸਵਰਗਵਾਸੀ ਹੋਇਆ ਪਰ ਸਵਰਗ ਕੀ ਚੀਜ ਹੈ, ਇਹ ਸਮਝਦੇ ਨਹੀਂ। ਆਪੇ ਹੀ ਸਿੱਧ ਕਰਦੇ ਹਨ ਸਵਰਗ ਗਿਆ, ਇਸ ਦਾ ਮਤਲਬ ਨਰਕ ਵਿੱਚ ਸੀ। ਹੈਵਿਨ ਤਾਂ ਜਦੋਂ ਬਾਪ ਸਥਾਪਨ ਕਰੇ। ਉਹ ਤਾਂ ਨਵੀਂ ਦੁਨੀਆਂ ਨੂੰ ਹੀ ਕਿਹਾ ਜਾਂਦਾ ਹਾਂ। ਦੋ ਚੀਜ਼ਾਂ ਹਨ ਨਾ - ਸਵਰਗ ਅਤੇ ਨਰਕ। ਮਨੁੱਖ ਤਾਂ ਸਵਰਗ ਨੂੰ ਲੱਖਾਂ ਵਰ੍ਹੇ ਕਹਿ ਦਿੰਦੇ ਹਨ। ਤੁਸੀਂ ਬੱਚੇ ਸਮਝਦੇ ਹੋ ਕਲ ਸਵਰਗ ਸੀ, ਇਨ੍ਹਾਂ ਦੀ ਰਾਜਾਈ ਸੀ ਫਿਰ ਬਾਪ ਤੋਂ ਵਰਸਾ ਲੈ ਰਹੇ ਹੋ।

ਬਾਪ ਕਹਿੰਦੇ ਹਨ - ਮਿੱਠੇ ਲਾਡਲੇ ਬੱਚੇ, ਤੁਹਾਡੀ ਆਤਮਾ ਪਤਿਤ ਹੈ ਇਸਲਈ ਹੇਲ ਵਿੱਚ ਹੀ ਹੈ। ਕਹਿੰਦੇ ਵੀ ਹਨ ਹਾਲੇ ਕਲਯੁਗ ਦੇ 40 ਹਜ਼ਾਰ ਵਰ੍ਹੇ ਬਾਕੀ ਹਨ, ਤਾਂ ਜਰੂਰ ਕਲਯੁਗ ਵਾਸੀ ਕਹਾਂਗੇ ਨਾ। ਪੁਰਾਣੀ ਦੁਨੀਆਂ ਤਾਂ ਹੈ ਨਾ। ਮਨੁੱਖ ਵਿਚਾਰੇ ਘੋਰ ਹਨ੍ਹੇਰੇ ਵਿੱਚ ਹਨ। ਪਿਛਾੜੀ ਵਿੱਚ ਜਦੋਂ ਅੱਗ ਲੱਗੇਗੀ ਤਾਂ ਇਹ ਸਾਰੇ ਖ਼ਤਮ ਹੋ ਜਾਣਗੇ। ਤੁਹਾਡੀ ਪ੍ਰੀਤ ਬੁੱਧੀ ਹੈ, ਨੰਬਰਵਾਰ ਪੁਰਸ਼ਾਰਥ ਅਨੁਸਾਰ। ਜਿੰਨੀ ਪ੍ਰੀਤ ਬੁੱਧੀ ਹੋਵੇਗੀ ਉਨਾਂ ਉੱਚ ਪਦਵੀ ਪਾਉਣਗੇ। ਸਵੇਰੇ ਉੱਠਕੇ ਬਹੁਤ ਪਿਆਰ ਨਾਲ ਬਾਪ ਨੂੰ ਯਾਦ ਕਰਨਾ ਹੈ। ਭਾਵੇਂ ਪ੍ਰੇਮ ਦੇ ਅੱਥਰੂ ਵੀ ਆਉਣ ਕਿਓਂਕਿ ਬਹੁਤ ਸਮੇਂ ਦੇ ਬਾਅਦ ਬਾਪ ਆਕੇ ਮਿਲੇ ਹਨ। ਬਾਬਾ ਤੁਸੀਂ ਆਕੇ ਸਾਨੂੰ ਦੁਖ ਤੋਂ ਛੁਡਾਉਂਦੇ ਹੋ। ਅਸੀ ਵਿਸ਼ੇ ਸਾਗਰ ਵਿੱਚ ਗੋਤੇ ਖਾਂਦੇ ਕਿੰਨਾਂ ਦੁਖੀ ਹੁੰਦੇ ਆਏ ਹਾਂ। ਹੁਣ ਇਹ ਹੈ ਰੋਰਵ ਨਰਕ। ਹੁਣ ਤੁਹਾਨੂੰ ਬਾਬਾ ਨੇ ਸਾਰੇ ਚੱਕਰ ਦਾ ਰਾਜ਼ ਸਮਝਾਇਆ ਹੈ। ਮੂਲਵਤਨ ਕੀ ਹੈ - ਉਹ ਵੀ ਆਕੇ ਦੱਸਿਆ ਹੈ। ਪਹਿਲਾਂ ਤੁਸੀਂ ਨਹੀਂ ਜਾਣਦੇ ਸੀ, ਇਸਨੂੰ ਕਹਿੰਦੇ ਹੀ ਹਨ ਕੰਡਿਆਂ ਦਾ ਜੰਗਲ। ਸਵਰਗ ਨੂੰ ਕਿਹਾ ਜਾਂਦਾ ਹੈ ਗਾਰਡਨ ਆਫ ਅੱਲ੍ਹਾ, ਫੁੱਲਾਂ ਦਾ ਬਗੀਚਾ। ਬਾਪ ਨੂੰ ਬਾਗਵਾਨ ਵੀ ਕਹਿੰਦੇ ਹਨ ਨਾ। ਤੁਹਾਨੂੰ ਫੁੱਲ ਤੋਂ ਫਿਰ ਕੰਡਾ ਕੌਣ ਬਣਾਉਂਦੇ ਹਨ? ਰਾਵਣ। ਤੁਸੀਂ ਬੱਚੇ ਸਮਝਦੇ ਹੋ ਭਾਰਤ ਫੁੱਲਾਂ ਦਾ ਬਗੀਚਾ ਸੀ, ਹੁਣ ਜੰਗਲ ਹੈ। ਜੰਗਲ ਵਿੱਚ ਜਾਨਵਰ, ਬਿੱਛੂ ਆਦਿ ਰਹਿੰਦੇ ਹਨ। ਸਤਿਯੁਗ ਵਿੱਚ ਕੋਈ ਖੌਫਨਾਕ ਜਾਨਵਰ ਆਦਿ ਹੁੰਦੇ ਨਹੀਂ। ਸ਼ਾਸਤਰਾਂ ਵਿੱਚ ਤਾਂ ਬਹੁਤ ਗੱਲਾਂ ਲਿਖ ਦਿੱਤੀਆਂ ਹਨ। ਕ੍ਰਿਸ਼ਨ ਨੂੰ ਸੱਪ ਨੇ ਡੰਗਿਆ, ਇਹ ਹੋਇਆ। ਕ੍ਰਿਸ਼ਨ ਨੂੰ ਫਿਰ ਦਵਾਪਰ ਵਿੱਚ ਲੈ ਗਏ ਹਨ। ਬਾਪ ਨੇ ਸਮਝਾਇਆ ਹੈ ਭਗਤੀ ਬਿਲਕੁਲ ਵੱਖ ਚੀਜ ਹੈ, ਗਿਆਨ ਸਾਗਰ ਇੱਕ ਹੀ ਬਾਪ ਹੈ। ਇਵੇਂ ਨਹੀਂ ਕਿ ਬ੍ਰਹਮਾ, ਵਿਸ਼ਨੂੰ, ਸ਼ੰਕਰ ਗਿਆਨ ਦੇ ਸਾਗਰ ਹਨ। ਨਹੀਂ, ਪਤਿਤ - ਪਾਵਨ ਇੱਕ ਹੀ ਗਿਆਨ ਦੇ ਸਾਗਰ ਨੂੰ ਕਹਾਂਗੇ। ਗਿਆਨ ਨਾਲ ਹੀ ਮਨੁੱਖ ਦੀ ਸਦਗਤੀ ਹੁੰਦੀ ਹੈ। ਸਦਗਤੀ ਦੀਆਂ ਦੋ ਜਗ੍ਹਾ ਹਨ - ਮੁਕਤੀਧਾਮ ਅਤੇ ਜੀਵਨਮੁਕਤੀਧਾਮ। ਹੁਣ ਤੁਸੀਂ ਬੱਚੇ ਜਾਣਦੇ ਹੋ ਇਹ ਰਾਜਧਾਨੀ ਸਥਾਪਨ ਹੋ ਰਹੀ ਹੈ, ਪਰੰਤੂ ਗੁਪਤ। ਬਾਪ ਹੀ ਆਕੇ ਆਦਿ - ਸਨਾਤਨ - ਦੇਵੀ - ਦੇਵਤਾ ਧਰਮ ਦੀ ਸਥਾਪਨਾ ਕਰਦੇ ਹਨ, ਤਾਂ ਸਭ ਆਪਣੇ - ਆਪਣੇ ਮਨੁੱਖ ਚੋਲੇ ਵਿੱਚ ਆਉਂਦੇ ਹਨ। ਬਾਪ ਨੂੰ ਆਪਣਾ ਚੋਲਾ ਤਾਂ ਹੈ ਨਹੀਂ, ਇਸਲਈ ਇਨ੍ਹਾਂ ਨੂੰ ਨਿਰਾਕਾਰ ਗੌਡ ਫਾਦਰ ਕਿਹਾ ਜਾਂਦਾ ਹੈ। ਬਾਕੀ ਸਭ ਹਨ ਸਾਕਾਰੀ। ਇਨ੍ਹਾਂ ਨੂੰ ਕਿਹਾ ਜਾਂਦਾ ਹੈ ਇਨਕਾਰਪੋਰੀਅਲ ਗੌਡ ਫਾਦਰ, ਇਨਕਾਰਪੋਰੀਅਲ ਆਤਮਾਵਾਂ ਦਾ। ਤੁਸੀਂ ਆਤਮਾਵਾਂ ਵੀ ਉੱਥੇ ਰਹਿੰਦੀਆਂ ਹੋ। ਬਾਪ ਵੀ ਉੱਥੇ ਰਹਿੰਦੇ ਹਨ। ਪਰ ਹਨ ਗੁਪਤ। ਬਾਪ ਹੀ ਆਕੇ ਆਦਿ - ਸਨਾਤਨ ਦੇਵੀ - ਦੇਵਤਾ ਧਰਮ ਦੀ ਸਥਾਪਨਾ ਕਰਦੇ ਹਨ। ਮੂਲਵਤਨ ਵਿੱਚ ਕੋਈ ਦੁੱਖ ਨਹੀਂ। ਬਾਪ ਕਹਿੰਦੇ ਹਨ ਤੁਹਾਡਾ ਕਲਿਆਣ ਹੈ ਹੀ ਇੱਕ ਗੱਲ ਵਿੱਚ - ਬਾਪ ਨੂੰ ਯਾਦ ਕਰੋ, ਮਨਮਨਾਭਵ। ਬਸ, ਬਾਪ ਦਾ ਬੱਚਾ ਬਣਿਆ, ਬੱਚੇ ਨੂੰ ਵਰਸਾ ਅੰਡਰਸਟੂਡ ਹੈ। ਅਲਫ਼ ਨੂੰ ਯਾਦ ਕੀਤਾ ਤਾਂ ਵਰਸਾ ਜਰੂਰ ਹੈ - ਸਤਿਯੁਗੀ ਨਵੀਂ ਦੁਨੀਆਂ ਦਾ। ਇਸ ਪਤਿਤ ਦੁਨੀਆਂ ਦਾ ਵਿਨਾਸ਼ ਜਰੂਰ ਹੋਣਾ ਹੀ ਹੈ। ਅਮਰਪੁਰੀ ਵਿੱਚ ਜਾਣਾ ਹੀ ਹੈ। ਅਮਰਨਾਥ ਤੁਹਾਨੂੰ ਪਾਰਵਤੀਆਂ ਨੂੰ ਅਮਰਕਥਾ ਸੁਣਾ ਰਹੇ ਹਨ। ਤੀਰਥਾਂ ਤੇ ਕਿੰਨੇ ਮਨੁੱਖ ਜਾਂਦੇ ਹਨ, ਅਮਰਨਾਥ ਤੇ ਕਿੰਨੇ ਜਾਂਦੇ

ਹਨ। ਉੱਥੇ ਹੈ ਕੁਝ ਵੀ ਨਹੀਂ। ਸਭ ਹੈ ਠੱਗੀ। ਸੱਚ ਦੀ ਰੱਤੀ ਵੀ ਨਹੀਂ। ਗਾਇਆ ਵੀ ਜਾਂਦਾ ਹੈ ਝੂਠੀ ਮਾਇਆ ਝੂਠੀ ਕਾਇਆ... ਇਸ ਦਾ ਅਰਥ ਵੀ ਹੋਣਾ ਚਾਹੀਦਾ ਹੈ। ਇੱਥੇ ਹੈ ਹੀ ਝੂਠ। ਇਹ ਵੀ ਗਿਆਨ ਦੀ ਗੱਲ ਹੈ। ਇਵੇਂ ਨਹੀਂ ਕਿ ਗਲਾਸ ਨੂੰ ਗਲਾਸ ਕਹਿਣਾ ਝੂਠ ਹੈ। ਬਾਕੀ ਬਾਪ ਦੇ ਬਾਰੇ ਜੋ ਕੁਝ ਬੋਲਦੇ ਹਨ ਉਹ ਝੂਠ ਹੈ। ਸੱਚ ਬੋਲਣ ਵਾਲਾ ਇੱਕ ਹੀ ਬਾਪ ਹੈ। ਹੁਣ ਤੁਸੀਂ ਜਾਣਦੇ ਹੋ ਬਾਬਾ ਆਕੇ ਸੱਚੀ - ਸੱਚੀ ਸਤ - ਨਾਰਾਇਣ ਦੀ ਕਥਾ ਸੁਣਾਉਂਦੇ ਹਨ। ਝੂਠੇ - ਹੀਰੇ ਮੋਤੀ ਹੁੰਦੇ ਹਨ ਨਾ। ਅਜਕਲ ਝੂਠ ਦਾ ਬਹੁਤ ਸ਼ੋ ਹੈ। ਉਨ੍ਹਾਂ ਦੀ ਚਮਕ ਅਜਿਹੀ ਹੁੰਦੀ ਹੈ ਸੱਚੇ ਤੋਂ ਵੀ ਚੰਗੀ। ਇਹ ਝੂਠੇ ਪੱਥਰ ਪਹਿਲਾਂ ਨਹੀਂ ਸਨ। ਪਿਛਾੜੀ ਵਿੱਚ ਵਿਲਾਇਤ ਤੋਂ ਆਏ ਹਨ। ਝੂਠੇ ਸੱਚੇ ਵਿੱਚ ਰਲਾ ਦਿੰਦੇ ਹਨ ਪਤਾ ਨਹੀਂ ਪੈਂਦਾ ਹੈ। ਫਿਰ ਅਜਿਹੀਆਂ ਚੀਜਾਂ ਵੀ ਨਕਲੀ ਜਿਨ੍ਹਾਂ ਨਾਲ ਪਰਖਦੇ ਹਨ। ਮੋਤੀ ਵੀ ਅਜਿਹੇ ਝੂਠੇ ਨਿਕਲੇ ਜੋ ਜਰਾ ਵੀ ਪਤਾ ਨਹੀਂ ਲੱਗ ਸਕਦਾ। ਹੁਣ ਤੁਹਾਨੂੰ ਬੱਚਿਆਂ ਨੂੰ ਕੋਈ ਸੰਸ਼ੇ ਨਹੀਂ ਰਹਿੰਦਾ। ਸੰਸ਼ੇ ਵਾਲੇ ਫਿਰ ਆਉਂਦੇ ਹੀ ਨਹੀਂ। ਪ੍ਰਦਰਸ਼ਨੀ ਵਿੱਚ ਕਿੰਨੇ ਢੇਰ ਆਉਂਦੇ ਹਨ। ਬਾਪ ਕਹਿੰਦੇ ਹਨ ਹੁਣ ਵੱਡੇ - ਵੱਡੇ ਦੁਕਾਨ ਖੋਲੋ, ਇਹ ਇੱਕ ਹੀ ਤੁਹਾਡੀ ਸੱਚੀ ਦੁਕਾਨ ਹੈ। ਤੁਸੀਂ ਸੱਚੀ ਦੁਕਾਨ ਖੋਲ੍ਹਦੇ ਹੋ। ਵੱਡੇ - ਵੱਡੇ ਸੰਨਿਆਸੀਆਂ ਦੇ ਵੱਡੇ - ਵੱਡੇ ਦੁਕਾਨ ਹੁੰਦੇ ਹਨ, ਜਿੱਥੇ ਵੱਡੇ - ਵੱਡੇ ਮਨੁੱਖ ਜਾਂਦੇ ਹਨ। ਤੁਸੀਂ ਵੀ ਵੱਡੇ - ਵੱਡੇ ਸੈਂਟਰ ਖੋਲੋ। ਭਗਤੀਮਾਰਗ ਦੀ ਸਮੱਗਰੀ ਬਿਲਕੁਲ ਵੱਖ ਹੈ। ਇਵੇਂ ਨਹੀਂ ਕਹਾਂਗੇ ਭਗਤੀ ਸ਼ੁਰੂ ਤੋਂ ਚਲੀ ਆਈ ਹੈ। ਨਹੀਂ। ਗਿਆਨ ਨਾਲ ਹੁੰਦੀ ਹੈ ਸਦਗਤੀ ਮਤਲਬ ਦਿਨ। ਉੱਥੇ ਸੰਪੂਰਨ ਨਿਰਵਿਕਾਰੀ ਵਿਸ਼ਵ ਦੇ ਮਾਲਿਕ ਸਨ। ਮਨੁੱਖਾਂ ਨੂੰ ਇਹ ਪਤਾ ਨਹੀਂ ਕਿ ਇਹ ਲਕਸ਼ਮੀ - ਨਾਰਾਇਣ ਵਿਸ਼ਵ ਦੇ ਮਾਲਿਕ ਸਨ। ਸੂਰਜਵੰਸ਼ੀ ਅਤੇ ਚੰਦ੍ਰਵਨਸ਼ੀ ਕੋਈ ਧਰਮ ਹੁੰਦਾ ਨਹੀਂ। ਬੱਚਿਆਂ ਨੇ ਗੀਤ ਵੀ ਸੁਣਿਆ। ਤੁਸੀਂ ਸਮਝਦੇ ਹੋ ਆਖ਼ਿਰ ਉਹ ਦਿਨ ਆਇਆ ਅੱਜ ਸੰਗਮ ਦਾ, ਜੋ ਅਸੀਂ ਆਕੇ ਬੇਹੱਦ ਦੇ ਬਾਪ ਨੂੰ ਮਿਲੇ। ਬੇਹੱਦ ਦਾ ਵਰਸਾ ਪਾਉਣ ਲਈ ਪੁਰਸ਼ਾਰਥ ਕਰਦੇ ਹਾਂ। ਸਤਿਯੁਗ ਵਿੱਚ ਤਾਂ ਇਵੇਂ ਨਹੀਂ ਕਹੋਗੇ - ਆਖਿਰ ਉਹ ਦਿਨ ਆਇਆ ਅੱਜ। ਉਹ ਲੋਕੀ ਸਮਝਦੇ ਹਨ - ਬਹੁਤ ਅਨਾਜ਼ ਹੋਵੇਗਾ, ਇਹ ਹੋਵੇਗਾ। ਸਮਝਦੇ ਹਨ ਸਵਰਗ ਦੀ ਸਥਾਪਨਾ ਅਸੀਂ ਕਰਦੇ ਹਾਂ। ਸਮਝਦੇ ਹਨ ਸਟੂਡੈਂਟ ਦਾ ਨਵਾਂ ਬਲੱਡ ਹੈ, ਇਹ ਬਹੁਤ ਮਦਦ ਕਰਣਗੇ। ਇਸਲਈ ਗੌਰਮਿੰਟ ਬਹੁਤ ਮਿਹਨਤ ਕਰਦੀ ਹੈ ਉਨ੍ਹਾਂ ਤੇ। ਅਤੇ ਫਿਰ ਪੱਥਰ ਆਦਿ ਵੀ ਉਹ ਹੀ ਮਾਰਦੇ ਹਨ। ਹੰਗਾਮਾ ਮਚਾਉਣ ਵਿੱਚ ਪਹਿਲਾਂ - ਪਹਿਲਾਂ ਸਟੂਡੈਂਟ ਹੀ ਅੱਗੇ ਰਹਿੰਦੇ ਹਨ। ਉਹ ਬਹੁਤ ਹੁਸ਼ਿਆਰ ਹੁੰਦੇ ਹਨ। ਉਨ੍ਹਾਂ ਦਾ ਨਵਾਂ ਖ਼ੂਨ ਕਹਿੰਦੇ ਹਨ। ਹੁਣ ਨਿਊ ਬਲੱਡ ਦੀ ਤਾਂ ਗੱਲ ਹੈ ਨਹੀਂ। ਉਹ ਹੈ ਬਲੱਡ ਕੁਨੈਕਸ਼ਨ, ਹੁਣ ਤੁਹਾਡਾ ਇਹ ਹੈ ਰੂਹਾਨੀ ਕੁਨੈਕਸ਼ਨ। ਕਹਿੰਦੇ ਹਨ ਨਾ ਬਾਬਾ ਮੈਂ ਤੁਹਾਡਾ ਦੋ ਮਹੀਨੇ ਦਾ ਬੱਚਾ ਹਾਂ। ਕਈ ਬੱਚੇ ਰੂਹਾਨੀ ਬਰਥਡੇ ਮਨਾਉਂਦੇ ਹਨ। ਈਸ਼ਵਰੀਏ ਬਰਥਡੇ ਹੀ ਮਨਾਉਣਾ ਚਾਹੀਦਾ ਹੈ। ਉਹ ਜਿਸਮਾਨੀ ਬਰਥਡੇ ਕੈਂਸਲ ਕਰ ਦੇਣਾ ਚਾਹੀਦਾ ਹੈ। ਅਸੀਂ ਬ੍ਰਾਹਮਣਾਂ ਨੂੰ ਹੀ ਖਿਲਾਵਾਂਗੇ। ਮਨਾਉਣਾ ਤੇ ਇਹ ਚਾਹੀਦਾ ਹੈ ਨਾ। ਉਹ ਹੈ ਆਸੁਰੀ ਜਨਮ, ਇਹ ਹੈ ਈਸ਼ਵਰੀਏ ਜਨਮ। ਰਾਤ - ਦਿਨ ਦਾ ਫ਼ਰਕ ਹੈ, ਪਰੰਤੂ ਜਦੋਂ ਨਿਸਚੇ ਬੈਠੇ। ਇਵੇਂ ਨਹੀਂ ਇਸ਼ਵਰੀਏ ਜਨਮ ਮਨਾਕੇ ਫਿਰ ਜਾ ਆਸੁਰੀ ਜਨਮ ਵਿੱਚ ਪੈਣ। ਅਜਿਹਾ ਵੀ ਹੁੰਦਾ ਹੈ। ਈਸ਼ਵਰੀਏ ਜਨਮ ਮਨਾਉਂਦੇ - ਮਨਾਉਂਦੇ ਫਿਰ ਰਫੂ - ਚੱਕਰ ਹੋ ਜਾਂਦੇ ਹਨ। ਅਜਕਲ ਤੇ ਮੈਰਿਜ ਡੇ ਵੀ ਮਨਾਉਂਦੇ ਹਨ, ਵਿਆਹ ਨੂੰ ਜਿਵੇਂ ਚੰਗਾ ਸ਼ੁਭ ਕੰਮ ਸਮਝਦੇ ਹਨ। ਜਹਨੁਮ ਵਿੱਚ ਜਾਣ ਦਾ ਵੀ ਦਿਨ ਮਨਾਉਂਦੇ ਹਨ। ਵੰਡਰ ਹੈ ਨਾ। ਬਾਪ ਬੈਠ ਇਹ ਸਭ ਗੱਲਾਂ ਸਮਝਾਉਂਦੇ ਹਨ। ਹੁਣ ਤੁਹਾਨੂੰ ਤਾਂ ਈਸ਼ਵਰੀਏ ਬਰਥ ਡੇ ਬ੍ਰਾਹਮਣਾਂ ਦੇ ਨਾਲ ਹੀ ਮਨਾਉਣਾ ਹੈ। ਅਸੀਂ ਸ਼ਿਵਬਾਬਾ ਦੇ ਬੱਚੇ ਹਾਂ, ਅਸੀਂ ਬਰਥ ਡੇ ਮਨਾਉਂਦੇ ਹਾਂ ਤਾਂ ਸ਼ਿਵਬਾਬਾ ਦੀ ਹੀ ਯਾਦ ਰਹੇਗੀ। ਜੋ ਬੱਚੇ ਨਿਸ਼ਚੇਬੁੱਧੀ ਹਨ ਉਨ੍ਹਾਂ ਨੂੰ ਜਨਮ ਦਿਨ ਮਨਾਉਣਾ ਚਾਹੀਦਾ ਹੈ। ਉਹ ਆਸੁਰੀ ਜਨਮ ਹੀ ਭੁੱਲ ਜਾਵੇ। ਇਹ ਵੀ ਬਾਬਾ ਰਾਏ ਦਿੰਦੇ ਹਨ। ਜੇਕਰ ਪੱਕਾ ਨਿਸ਼ਚੇ ਬੁੱਧੀ ਹੈ ਤਾਂ। ਬਸ ਅਸੀਂ ਤਾਂ ਬਾਬਾ ਦੇ ਬਣ ਗਏ, ਦੂਸਰਾ ਨਾ ਕੋਈ ਫਿਰ ਅੰਤ ਮਤੀ ਸੋ ਗਤੀ ਹੋ ਜਾਵੇਗੀ। ਬਾਪ ਦੀ ਯਾਦ ਵਿੱਚ ਮਰਿਆ ਤਾਂ ਦੂਸਰਾ ਜਨਮ ਵੀ ਅਜਿਹਾ ਮਿਲੇਗਾ। ਨਹੀਂ ਤਾਂ ਅੰਤਕਾਲ ਜੋ ਇਸਤ੍ਰੀ ਸਿਮਰੇ... ਇਹ ਵੀ ਗ੍ਰੰਥ ਵਿੱਚ ਹੈ। ਇੱਥੇ ਫਿਰ ਕਹਿੰਦੇ ਹਨ ਅੰਤ ਸਮੇਂ ਗੰਗਾ ਦਾ ਤਟ ਹੋਵੇ। ਇਹ ਸਭ ਹਨ ਭਗਤੀ ਮਾਰਗ ਦੀਆਂ ਗੱਲਾਂ। ਤੁਹਾਨੂੰ ਬਾਪ ਕਹਿੰਦੇ ਹਨ ਸ਼ਰੀਰ ਛੁੱਟੇ ਤਾਂ ਵੀ ਸਵਦਰਸ਼ਨ ਚੱਕਰਧਾਰੀ ਹੋ। ਬੁੱਧੀ ਵਿੱਚ ਬਾਪ ਅਤੇ ਚੱਕਰ ਯਾਦ ਹੋਵੇ। ਸੋ ਜਰੂਰ ਜਦੋਂ ਪੁਰਸ਼ਾਰਥ ਕਰਦੇ ਰਹੋਗੇ ਤਾਂ ਹੀ ਤੇ ਅੰਤਕਾਲ ਯਾਦ ਆਵੇਗੀ। ਆਪਣੇ ਨੂੰ ਆਤਮਾ ਸਮਝੋ ਅਤੇ ਬਾਪ ਨੂੰ ਯਾਦ ਕਰੋ ਕਿਉਂਕਿ ਤੁਸੀਂ ਬੱਚਿਆਂ ਨੂੰ ਹੁਣ ਵਾਪਿਸ, ਜਾਣਾ ਹੈ ਅਸ਼ਰੀਰੀ ਹੋਕੇ। ਇੱਥੇ ਪਾਰ੍ਟ ਵਜਾਉਂਦੇ - ਵਜਾਉਂਦੇ ਸਤੋ ਪ੍ਰਧਾਨ ਤੋਂ ਤਮੋਪ੍ਰਧਾਨ ਬਣੇ ਹੋ। ਹੁਣ ਫਿਰ ਸਤੋਪ੍ਰਧਾਨ ਬਣਨਾ ਹੈ। ਇਸ ਸਮੇਂ ਆਤਮਾ ਹੀ ਇਮਪਿਓਰ ਹੈ, ਤਾਂ ਸ਼ਰੀਰ ਪਿਓਰ ਫਿਰ ਕਿਵੇਂ ਮਿਲ ਸਕੇਗਾ? ਬਾਬਾ ਨੇ ਬਹੁਤ ਮਿਸਾਲ ਸਮਝਾਏ ਹਨ ਫਿਰ ਵੀ ਜੌਹਰੀ ਹੈ ਨਾ। ਖਾਦ ਜੇਵਰ ਵਿੱਚ ਨਹੀਂ, ਸੋਨੇ ਵਿੱਚ ਪੈਂਦੀ ਹੈ। 24 ਕੈਰਟ ਤੋਂ 22 ਕੈਰਟ ਬਣਾਉਨਾ ਹੋਵੇਗਾ ਤਾਂ ਚਾਂਦੀ ਪਾਉਂਦੇ ਹਨ। ਹੁਣ ਤਾਂ ਸੋਨਾ ਹੈ ਨਹੀਂ। ਸਭ ਤੋਂ ਲੈਂਦੇ ਰਹਿੰਦੇ ਹਨ। ਅਜਕਲ ਨੋਟ ਵੀ ਵੇਖੋ ਕਿਵੇਂ ਬਣਾਉਂਦੇ ਹਨ। ਕਾਗਜ਼ ਵੀ ਨਹੀਂ ਹੈ। ਬੱਚੇ ਸਮਝਦੇ ਹਨ ਕਲਪ - ਕਲਪ ਅਜਿਹਾ ਹੁੰਦਾ ਆਇਆ ਹੈ। ਪੂਰੀ ਜਾਂਚ ਰੱਖਦੇ ਹਨ। ਲਾਕਰਜ ਆਦਿ ਖੁਲਾਉਂਦੇ ਹਨ। ਜਿਵੇਂ ਕਿਸੇ ਦੀ ਤਲਾਸ਼ੀ ਆਦਿ ਲਈ ਜਾਂਦੀ ਹੈ ਨਾ। ਗਾਇਨ ਵੀ ਹੈ - ਕਿਸੇ ਦੀ ਦੱਬੀ ਰਹੀ ਧੂਲ ਵਿੱਚ... ਅੱਗ ਵੀ ਜੋਰ ਨਾਲ ਲੱਗਦੀ ਹੈ। ਤੁਸੀਂ ਬੱਚੇ ਜਾਣਦੇ ਹੋ ਇਹ ਸਭ ਹੋਣਾ ਹੈ ਇਸਲਈ ਬੈਗ - ਬੇਗਜ਼ ਤੁਸੀਂ ਭਵਿੱਖ ਦੇ ਲਈ ਤਿਆਰ ਕਰ ਰਹੇ ਹੋ। ਹੋਰ ਕਿਸੇ ਨੂੰ ਪਤਾ ਥੋੜ੍ਹੀ ਨਾ ਹੈ, ਤੁਹਾਨੂੰ ਹੀ ਵਰਸਾ ਮਿਲਦਾ ਹੈ 21 ਜਨਮ ਲਈ। ਤੁਹਾਡੇ ਹੀ ਪੈਸੇ ਨਾਲ ਭਾਰਤ ਨੂੰ ਸਵਰਗ ਬਣਾ ਰਹੇ ਹਾਂ, ਜਿਸ ਵਿੱਚ ਫਿਰ ਤੁਸੀਂ ਹੀ ਰਹੋਗੇ।

ਤੁਸੀਂ ਬੱਚੇ ਆਪਣੇ ਹੀ ਪੁਰਸ਼ਾਰਥ ਨਾਲ ਆਪੇਹੀ ਰਾਜਤਿਲਕ ਲੈਂਦੇ ਹੋ। ਗ਼ਰੀਬ ਨਵਾਜ਼ ਬਾਬਾ ਸਵਰਗ ਦਾ ਮਾਲਿਕ ਬਣਾਉਣ ਆਏ ਹਨ ਲੇਕਿਨ ਬਣਨਗੇ ਤਾਂ ਆਪਣੀ ਪੜ੍ਹਾਈ ਨਾਲ। ਕ੍ਰਿਪਾ ਜਾਂ ਅਸ਼ੀਰਵਾਦ ਨਾਲ ਨਹੀਂ। ਟੀਚਰ ਦਾ ਤਾਂ ਪੜ੍ਹਾਉਣਾ ਧਰਮ ਹੈ ਨਾ। ਕ੍ਰਿਪਾ ਦੀ ਗੱਲ ਨਹੀਂ। ਟੀਚਰ ਨੂੰ ਗੌਰਮਿੰਟ ਤੋਂ ਪਗਾਰ ਮਿਲਦੀ ਹੈ। ਉਹ ਤਾਂ ਜ਼ਰੂਰ ਪੜ੍ਹਾਉਣਗੇ। ਇਨ੍ਹਾਂ ਵੱਡਾ ਇਜ਼ਾਫਾ ਮਿਲਦਾ ਹੈ। ਪਦਮਾਪਦਮਪਤੀ ਬਣਦੇ ਹੋ। ਕ੍ਰਿਸ਼ਨ ਦੇ ਪੈਰ ਵਿੱਚ ਪਦਮ ਦੀ ਨਿਸ਼ਾਨੀ ਦਿੰਦੇ ਹਨ। ਤੁਸੀਂ ਇੱਥੇ ਆਏ ਹੋ ਭਵਿੱਖ ਵਿੱਚ ਪਦਮਪਤੀ

ਬਣਨ। ਤੁਸੀਂ ਬਹੁਤ ਸੁਖੀ, ਸ਼ਾਹੂਕਾਰ, ਅਮਰ ਬਣਦੇ ਹੋ। ਕਾਲ ਤੇ ਜਿੱਤ ਪਾਉਂਦੇ ਹੋ। ਇਨ੍ਹਾਂ ਗੱਲਾਂ ਨੂੰ ਮਨੁੱਖ ਸਮਝ ਨਾ ਸਕਣ। ਤੁਹਾਡੀ ਉੱਮਰ ਪੂਰੀ ਹੋ ਜਾਂਦੀ ਹੈ, ਅਮਰ ਬਣ ਜਾਂਦੇ ਹੋ। ਉਨ੍ਹਾਂ ਨੇ ਫਿਰ ਪਾਂਡਵਾਂ ਦੇ ਚਿੱਤਰ ਲੰਬੇ - ਚੌੜੇ ਬਣਾ ਦਿੱਤੇ ਹਨ। ਸਮਝਦੇ ਹਨ ਪਾਂਡਵ ਇੰਨੇ ਲੰਬੇ ਸਨ। ਹੁਣ ਪਾਂਡਵ ਤਾਂ ਤੁਸੀਂ ਹੋ। ਕਿੰਨਾ ਰਾਤ - ਦਿਨ ਦਾ ਫਰਕ ਹੈ। ਮਨੁੱਖ ਕੋਈ ਜਾਸਤੀ ਲੰਬਾ ਤਾਂ ਹੁੰਦਾ ਨਹੀਂ। 6 ਫੁੱਟ ਦਾ ਹੀ ਹੁੰਦਾ ਹੈ। ਭਗਤੀਮਾਰਗ ਵਿੱਚ ਪਹਿਲਾਂ - ਪਹਿਲਾਂ ਸ਼ਿਵਬਾਬਾ ਦੀ ਭਗਤੀ ਹੁੰਦੀ ਹੈ। ਉਹ ਤਾਂ ਵੱਡਾ ਬਣਾਉਣਗੇ ਨਹੀਂ। ਪਹਿਲਾਂ ਸ਼ਿਵਬਾਬਾ ਦੀ ਅਵਿਭਚਾਰੀ ਭਗਤੀ ਚਲਦੀ ਹੈ। ਫਿਰ ਦੇਵਤਾਵਾਂ ਦੀਆਂ ਮੂਰਤੀਆਂ ਬਣਾਉਂਦੇ ਹਨ। ਉਨ੍ਹਾਂ ਦੇ ਫਿਰ ਵੱਡੇ - ਵੱਡੇ ਚਿੱਤਰ ਬਣਾਉਂਦੇ ਹਨ। ਫਿਰ ਪਾਂਡਵਾਂ ਦੇ ਵੱਡੇ - ਵੱਡੇ ਚਿੱਤਰ ਬਣਾਉਂਦੇ ਹਨ। ਇਹ ਸਭ ਪੂਜਾ ਦੇ ਲਈ ਚਿੱਤਰ ਬਣਾਉਂਦੇ ਹਨ। ਲਕਸ਼ਮੀ ਦੀ ਪੂਜਾ 12 ਮਹੀਨੇ ਵਿੱਚ ਇੱਕ ਵਾਰ ਕਰਦੇ ਹਨ। ਜਗਤ ਅੰਬਾ ਦੀ ਪੂਜਾ ਰੋਜ਼ ਕਰਦੇ ਰਹਿੰਦੇ ਹਨ। ਇਹ ਵੀ ਬਾਬਾ ਨੇ ਸਮਝਾਇਆ ਹੈ ਤੁਹਾਡੀ ਡਬਲ ਪੂਜਾ ਹੁੰਦੀ ਹੈ। ਮੇਰੇ ਤਾਂ ਸਿਰ੍ਫ ਆਤਮਾ ਯਾਨੀ ਲਿੰਗ ਦੀ ਹੀ ਹੁੰਦੀ ਹੈ। ਤੁਹਾਡੀ ਸਾਲੀਗ੍ਰਾਮ ਦੇ ਰੂਪ ਵਿੱਚ ਵੀ ਪੂਜਾ ਹੁੰਦੀ ਹੈ ਅਤੇ ਫਿਰ ਦੇਵਤਿਆਂ ਦੇ ਰੂਪ ਵਿੱਚ ਵੀ ਪੂਜਾ ਹੁੰਦੀ ਹੈ। ਰੁਦ੍ਰ ਯੱਗ ਰਚਦੇ ਹਨ ਤਾਂ ਕਿੰਨੇਂ ਸਾਲੀਗ੍ਰਾਮ ਬਣਾਉਂਦੇ ਹਨ ਤਾਂ ਕੌਣ ਵੱਡਾ ਹੋਇਆ? ਤਾਂ ਬਾਬਾ ਬੱਚਿਆਂ ਨੂੰ ਨਮਸਤੇ ਕਰਦੇ ਹਨ। ਕਿੰਨਾ ਉੱਚ ਪਦਵੀ ਪ੍ਰਾਪਤ ਕਰਾਉਂਦੇ ਹੋ।

ਬਾਬਾ ਕਿੰਨੀਆਂ ਗੁਪਤ - ਗੁਪਤ ਗੱਲਾਂ ਸੁਣਾਉਂਦੇ ਹਨ, ਤਾਂ ਬੱਚਿਆਂ ਨੂੰ ਕਿੰਨੀ ਖੁਸ਼ੀ ਹੋਣੀ ਚਾਹੀਦੀ ਹੈ। ਸਾਨੂੰ ਭਾਗਵਾਨ ਪੜ੍ਹਾਉਂਦੇ ਹਨ ਭਾਗਵਾਨ - ਭਗਵਤੀ ਬਣਾਉਣ ਦੇ ਲਈ। ਕਿੰਨਾ ਸ਼ੁਕਰੀਆ ਮਨਾਉਣਾ ਚਾਹੀਦਾ ਹੈ। ਬਾਪ ਦੀ ਯਾਦ ਵਿੱਚ ਰਹਿਣ ਨਾਲ ਸੁਪਨੇ ਵੀ ਚੰਗੇ ਆਉਣਗੇ। ਸਾਖਸ਼ਾਤਕਾਰ ਵੀ ਹੋਵੇਗਾ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਆਪਣਾ ਈਸ਼ਵਰੀਏ ਰੂਹਾਨੀ ਬਰਥ ਡੇ ਮਨਾਉਣ ਹੈ, ਰੂਹਾਨੀ ਕੁਨੈਕਸ਼ਨ ਰੱਖਣਾ ਹੈ, ਬਲੱਡ ਕੁਨੈਕਸ਼ਨ ਨਹੀਂ। ਆਸੁਰੀ ਜਿਸਮਾਨੀ ਬਰਥ ਡੇ ਵੀ ਕੈਂਸਲ। ਉਹ ਫਿਰ ਯਾਦ ਵੀ ਨਾ ਆਵੇ।

2. ਆਪਣਾ ਬੈਗ ਬੈਗਜ ਭਵਿੱਖ ਦੇ ਲਈ ਤਿਆਰ ਕਰਨਾ ਹੈ। ਆਪਣੇ ਪੈਸੇ ਭਾਰਤ ਨੂੰ ਸਵਰਗ ਬਣਾਉਣ ਦੀ ਸੇਵਾ ਵਿੱਚ ਸਫ਼ਲ ਕਰਨੇ ਹਨ। ਆਪਣੇ ਪੁਰਸ਼ਾਰਥ ਨਾਲ ਆਪਣੇ ਨੂੰ ਰਾਜਤਿਲਕ ਦੇਣਾ ਹੈ।

ਵਰਦਾਨ:- ਸਨੇਹ ਅਤੇ ਸਹਿਯੋਗ ਦੀ ਵਿਧੀ ਦਵਾਰਾ ਸਹਿਜ ਯੋਗੀ ਭਵ।

ਬਾਪਦਾਦਾ ਨੂੰ ਬੱਚਿਆਂ ਦਾ ਸਨੇਹ ਜੀ ਪਸੰਦ ਹੈ ਜੋ ਯਗ ਸਨੇਹੀ ਅਤੇ ਸਹਿਯੋਗੀ ਬਣਦੇ ਹਨ ਉਹ ਸ਼ਿਜਯੋਗੀ ਆਪੇ ਬਣ ਜਾਂਦੇ ਹਨ। ਸਹਿਯੋਗ ਸਹਿਜਯੋਗ ਹੈ। ਦਿਲਵਾਲੇ ਬਾਪ ਨੂੰ ਦਿਲ ਦਾ ਸਨੇਹ ਅਤੇ ਦਿਲ ਦਾ ਸਹਿਯੋਗ ਹੀ ਪ੍ਰਿਅ ਹੈ। ਛੋਟੀ ਦਿਲ ਵਾਲੇ ਛੋਟਾ ਸੌਦਾ ਕਰ ਖੁਸ਼ ਹੋ ਜਾਂਦੇ ਅਤੇ ਵੱਡੀ ਦਿਲ ਵਾਲੇ ਬਹਦ ਦਾ ਸੌਦਾ ਕਰਦੇ ਹਨ। ਵੈਲਯੂ ਸਨੇਹ ਦੀ ਹੈ ਚੀਜ ਦੀ ਨਹੀਂ ਇਸਲਈ ਸੁਦਾਮਾ ਦੇ ਕੱਚੇ ਚਾਵਲ ਗਾਏ ਹੋਏ ਹਨ। ਉਵੇਂ ਭਾਵੇਂ ਕੋਈ ਕਿੰਨਾਂ ਵੀ ਦੇਵੇ ਲੇਕੀ। ਸਨੇਹ ਨਹੀਂ ਤਾਂ ਜਮਾ ਨਹੀਂ ਹੁੰਦਾ। ਸਨੇਹ ਨਾਲ ਥੋੜ੍ਹਾ ਵੀ ਜਮਾ ਕਰਦੇ ਤਾਂ ਉਹ ਪਦਮ ਹੋ ਜਾਂਦਾ ਹੈ।

ਸਲੋਗਨ:- ਸਮੇਂ ਅਤੇ ਸ਼ਕਤੀ ਵਿਅਰਥ ਨਾ ਜਵ3 ਇਸ ਦੇ ਲਈ ਪਹਿਲੇ ਸੋਚੋ ਪਿੱਛੇ ਕਰੋ।

******

ਅਵਿਅਕਤ ਇਸ਼ਾਰੇ :- ਹੁਣ ਲਗਨ ਦੀ ਅਗਨੀ ਨੂੰ ਪ੍ਰਜਵਲਿਤ ਕਰ ਯੋਗ ਨੂੰ ਜਵਾਲਾ ਰੂਪ ਬਣਾਓ।

ਬਾਪਦਾਦਾ ਬੱਚਿਆਂ। ਨੂੰ ਵਿਸ਼ੇਸ਼ ਇਸ਼ਾਰਾ ਦੇ ਰਹੇ ਹਨ - ਬੱਚੇ ਹੁਣ ਤੀਵ੍ਰ ਪੁਰਸ਼ਾਰਥ ਦੀ ਲਗਨ ਨੂੰ ਅਗਨੀ ਰੂਪ ਵਿਚ ਲਿਆਓ, ਜਵਾਲਾਮੁਖੀ ਬਣੋ। ਜੋ ਵੀ ਮਨ ਦੇ ਸੰਬੰਧ - ਸਮਪ੍ਰਕ ਦੇ ਹਿਸਾਬ - ਕਿਤਾਬ ਰਹੇ ਹੋਏ ਹਨ - ਉਨ੍ਹਾਂ ਜਵਾਲਾ ਸਵਰੂਪ ਨੂੰ ਯਾਦ ਨਾਲ ਭਸਮ ਕਰੋ।